# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10

## ਮਿਤੀ :07-12-2025

ਅੱਜ ਹਥਿਆਰਬੰਦ ਸੈਨਾ ਝੰਡਾ ਦਿਵਸ ਏ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦੇਸ਼ ਉਨ੍ਹਾਂ ਬਹਾਦਰ ਮਰਦਾਂ ਤੇ ਔਰਤਾਂ ਪ੍ਰਤੀ ਆਪਣਾ ਡੂੰਘਾ ਧੰਨਵਾਦ ਪ੍ਰਗਟ ਕਰਦਾ ਏ, ਜਿਹੜੇ ਅਤੁੱਟ ਹਿੰਮਤ ਨਾਲ ਦੇਸ਼ ਦੀ ਰੱਖਿਆ ਕਰਦੇ ਨੇ। ਇਕ ਸੋਸ਼ਲ ਮੀਡੀਆ ਪੋਸਟ ਵਿਚ ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦਾ ਅਨੁਸ਼ਾਸਨ, ਦ੍ਰਿੜ ਇਰਾਦਾ ਤੇ ਅਦੁੱਤੀ ਭਾਵਨਾ ਲੋਕਾਂ ਦੀ ਰਾਖੀ ਕਰਦੀ ਏ ਤੇ ਰਾਸ਼ਟਰ ਨੂੰ ਮਜ਼ਬੂਤ ਬਣਾਉਂਦੀ ਏ। ਉਨ੍ਹਾਂ ਅੱਗੇ ਕਿਹਾ ਕਿ ਫੌਜ ਦੇ ਫਰਜ਼ ਤੇ ਦੇਸ਼ ਪ੍ਰਤੀ ਵਚਨਬੱਧਤਾ, ਅਨੁਸ਼ਾਸਨ ਤੇ ਸ਼ਰਧਾ ਇਕ ਸ਼ਕਤੀਸ਼ਾਲੀ ਉਦਾਹਰਣ ਵਜੋਂ ਸਾਡੇ ਸਾਹਮਣੇ ਏ। ਇਸ ਮੌਕੇ ਪ੍ਰਧਾਨ ਉਨ੍ਹਾਂ ਨੇ ਸਾਰਿਆਂ ਨੂੰ ਹਥਿਆਰਬੰਦ ਸੈਨਾ ਝੰਡਾ ਦਿਵਸ ਫੰਡ ਵਿਚ ਯੋਗਦਾਨ ਪਾਉਣ ਲਈ ਉਤਸ਼ਾਹਤ ਕੀਤਾ। ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਇਸ ਮੌਕੇ ਹਥਿਆਰਬੰਦ ਸੈਨਾ ਝੰਡਾ ਦਿਵਸ ਫੰਡ ਵਿਚ ਆਪਣੀ ਇਕ ਮਹੀਨੇ ਦੀ

ਤਨਖਾਹ ਦਾ ਯੋਗਦਾਨ ਪਾਇਆ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਹਥਿਆਰਬੰਦ ਸੈਨਾ ਝੰਡਾ ਦਿਵਸ ਮੌਕੇ ਭਾਰਤੀ ਹਥਿਆਰਬੰਦ ਬਲਾਂ ਦੀ ਬਹਾਦਰੀ ਤੇ ਕੁਰਬਾਨੀ ਨੂੰ ਨਮਨ ਕੀਤਾ। ਸੋਸ਼ਲ ਮੀਡੀਆ ਪੋਸਟ ਵਿਚ ਸ੍ਰੀ ਸਿੰਘ ਨੇ ਕਿਹਾ ਕਿ ਬਹਾਦਰ ਫੌਜ, ਦੇਸ਼ ਦੀ ਰਾਖੀ ਕਰਦੀ ਏ ਅਤੇ ਉਨ੍ਹਾਂ ਦੀ ਨਿਸ਼ਕਾਮ ਸੇਵਾ ਦੇਸ਼ ਵਾਸੀਆਂ ਨੂੰ ਉਸ ਕਰਜ਼ੇ ਦੀ ਯਾਦ ਦਿਵਾਉਂਦੀ ਹੈ, ਜਿਸ ਨੂੰ ਉਹ ਕਦੇ ਵੀ ਮੋੜ ਨਹੀਂ ਸਕਦੇ। ਰੱਖਿਆ ਮੰਤਰੀ ਨੇ ਸਾਰੇ ਲੋਕਾਂ ਨੂੰ ਹਥਿਆਰਬੰਦ ਸੈਨਾ ਝੰਡਾ ਦਿਵਸ ਫੰਡ ਵਿਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਚੀਫ ਆਫ ਡਿਫੈਂਸ ਸਟਾਫ ਜਨਰਲ ਅਨਿਲ ਚੌਹਾਨ ਨੇ ਇਸ ਮੌਕੇ ਭਾਰਤੀ ਹਥਿਆਰਬੰਦ ਫੌਜਾਂ ਦੇ ਸਾਰੇ ਰੈਂਕਾਂ ਦੇ ਅਫ਼ਸਰਾਂ, ਸਾਬਕਾ ਫੌਜੀਆਂ ਤੇ ਵੀਰ ਨਾਰੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

----------------------------------------------------------

ਸਰਹੱਦੀ ਸੁਰੱਖਿਆ ਬਲ (BSF) ਨੇ ਪਿਛਲੇ 24 ਘੰਟਿਆਂ ਵਿਚ ਪੰਜਾਬ ਸਰਹੱਦ ਦੇ ਨਾਲ ਹੈਰੋਇਨ, ਤੇ ਗੋਲੀ ਸਿੱਕੇ ਸਮੇਤ ਇਕ ਪਿਸਤੌਲ ਬਰਾਮਦ ਕੀਤਾ ਏ ਅਤੇ ਅੰਮ੍ਰਿਤਸਰ, ਤਰਨਤਾਰਨ ਤੇ ਫਿਰੋਜ਼ਪੁਰ ਵਿਚ ਵੱਖ-ਵੱਖ ਕਾਰਵਾਈਆਂ ਦੌਰਾਨ ਤਿੰਨ ਡਰੋਨ ਵੀ ਡੇਗ ਦਿੱਤੇ ਨੇ। ਬੀਤੀ ਰਾਤ ਅੰਮ੍ਰਿਤਸਰ ਸਰਹੱਦ 'ਤੇ ਇਕ ਡਰੋਨ ਗਤੀਵਿਧੀ ਦੇਖ ਕੇ, ਬਲ ਨੇ

ਵਿਆਪਕ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ, ਜਿਸ ਦੇ ਨਤੀਜੇ ਵਜੋਂ ਸਰਹੱਦ ਦੇ ਨਾਲ ਲੱਗਦੇ ਇਕ ਖੇਤ ਤੋਂ ਹੈਰੋਇਨ ਦੇ ਸਾਢੇ 6 ਕਿੱਲੋ ਤੋਂ ਵੱਧ ਵਜ਼ਨ ਵਾਲੇ 12 ਪੈਕੇਟ ਬਰਾਮਦ ਹੋਏ। ਜ਼ਿੰਦਾ ਕਾਰਤੂਸਾਂ ਵਾਲਾ ਇਕ ਪਿਸਤੌਲ ਵੀ ਮਿਲਿਆ ਏ । ਇਸ ਤੋਂ ਪਹਿਲਾਂ, ਸਰਹੱਦ 'ਤੇ ਤਾਇਨਾਤ ਤਕਨੀਕੀ ਜਵਾਬੀ ਉਪਾਵਾਂ ਦੀ ਵਰਤੋਂ ਕਰਦੇ ਹੋਏ, BSF ਜਵਾਨਾਂ ਨੇ ਨਸ਼ੀਲੇ ਪਦਾਰਥਾਂ ਦੀ ਖੇਪਾਂ ਨਾਲ ਪਾਕਿਸਤਾਨ ਤੋਂ ਪੰਜਾਬ ਸਰਹੱਦ ਵਿਚ ਦਾਖਲ ਹੋਣ ਵਾਲੇ 3 ਡਰੋਨਾਂ ਨੂੰ ਡੇਗ ਦਿੱਤਾ ਏ । BSF, ਪੰਜਾਬ ਪੁਲਿਸ ਅਤੇ ਸੂਬੇ ਦੀਆਂ ਹੋਰ ਏਜੰਸੀਆਂ ਨਾਲ ਕਈ ਸਾਂਝੀਆਂ ਕਾਰਵਾਈਆਂ ਕਰ ਰਹੀ ਏ। ਸੂਬੇ ਨੂੰ ਸੁਰੱਖਿਅਤ ਰੱਖਣ ਲਈ ਅਜਿਹੀਆਂ ਕਾਰਵਾਈਆਂ ਜਾਰੀ ਨੇ।

---------------------------------------------------

ਪੰਜਾਬ ਆਪਣੇ ਸਭ ਤੋਂ ਸ਼ਾਨਦਾਰ ਹੁਨਰਮੰਦ ਨੌਜਵਾਨਾਂ ਦਾ ਜਸ਼ਨ ਮਨਾ ਰਿਹਾ ਏ, ਜਿਨ੍ਹਾਂ ਨੇ ਕੱਲ੍ਹ ਭੁਵਨੇਸ਼ਵਰ ਵਿਚ ਸਮਾਪਤ ਹੋਈ 37ਵੀਂ ਸਬ-ਜੂਨੀਅਰ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਵਿਚ ਸੂਬੇ ਦਾ ਮਾਣ ਵਧਾਇਆ ਏ । ਪੰਜਾਬ ਦੇ ਦੋ ਖਿਡਾਰੀਆਂ ਨੇ ਕੱਲ੍ਹ ਸ਼ਾਮ ਸੋਨੇ ਅਤੇ ਚਾਂਦੀ ਦੇ ਅੰਡਰ-17 ਵਰਗ ਵਿਚ ਚੋਟੀ ਦੇ ਸਥਾਨ ਹਾਸਿਲ ਕੀਤੇ ਨੇ ਅਤੇ ਤਿੰਨ ਹੋਰਾਂ ਨੇ ਅੰਡਰ-15 ਵਰਗ ਵਿਚ ਕਾਂਸੀ ਦਾ ਤਮਗਾ ਜਿੱਤਿਆ ਏ।

ਨਾਭਾ ਦੇ ਜਗਸ਼ੇਰ ਖੰਗੂੜਾ ਨੇ ਜਲੰਧਰ ਦੇ ਵਿਰਾਜ ਸ਼ਰਮਾ ਨੂੰ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਜਦੋਂਕਿ ਵਿਰਾਜ ਚਾਂਦੀ ਦਾ ਤਮਗਾ ਜਿੱਤ ਕੇ ਉਪ- ਜੇਤੂ ਰਿਹਾ। ਇਹ ਪਹਿਲੀ ਵਾਰ ਏ ਕਿ ਕਿਸੇ ਵੀ ਬੈਡਮਿੰਟਨ ਵਰਗ ਵਿਚ ਰਾਸ਼ਟਰੀ ਪੱਧਰ 'ਤੇ ਪੰਜਾਬ ਬਨਾਮ ਪੰਜਾਬ ਫਾਈਨਲ ਦੇਖਣ ਨੂੰ ਮਿਲਿਆ । ਤਮਗਾ ਜਿੱਤਣ ਵਾਲੇ ਸੂਬੇ ਦੇ ਹੋਰ ਖਿਡਾਰੀਆਂ ਵਿਚ ਜਲੰਧਰ ਤੋਂ ਜ਼ੋਰਾਵਰ ਸਿੰਘ ਸ਼ਾਮਲ ਨੇ, ਜਿਨ੍ਹਾਂ ਨੇ ਮੁੰਡਿਆਂ ਦੇ ਡਬਲਜ਼ ਅਤੇ ਮਿਕਸਡ ਡਬਲਜ਼ ਅੰਡਰ-15 ਵਰਗਾਂ ਵਿਚ ਕਾਂਸੀ ਦੇ 2 ਤਮਗੇ ਜਿੱਤੇ ਨੇ। ਇਸੇ ਤਰ੍ਹਾਂ ਜਲੰਧਰ ਤੋਂ ਹੀ ਇਨਾਇਤ ਗੁਲਾਟੀ ਨੇ ਅੰਡਰ-15 ਸਿੰਗਲਜ਼ ਅਤੇ ਮਿਕਸਡ ਡਬਲਜ਼ ਵਿਚ ਦੋ ਕਾਂਸੀ ਦੇ ਤਮਗੇ ਜਿੱਤੇ। ਵਜ਼ੀਰ ਸਿੰਘ ਨੇ ਇਸੇ ਵਰਗ ਵਿਚ ਮੁੰਡਿਆਂ ਦੇ ਡਬਲਜ਼ ਵਿਚ ਕਾਂਸੀ ਦਾ ਤਗਮਾ ਵੀ ਜਿੱਤਿਆ ਏ । ਖੁਸ਼ੀ ਜ਼ਾਹਿਰ ਕਰਦਿਆਂ, ਸਾਬਕਾ ਰਾਸ਼ਟਰੀ ਖਿਡਾਰੀ ਤੇ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਆਨਰੇਰੀ ਸਕੱਤਰ, ਰਿਤਿਨ ਖੰਨਾ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਕੀਤੇ ਗਏ ਯਤਨਾਂ ਦੇ ਨਤੀਜੇ ਨਜ਼ਰ ਆਉਣ ਲੱਗ ਪਏ ਨੇ ਕਿਉਂਕਿ ਪੰਜਾਬ ਹੁਣ ਕਈ ਅੰਤਰਰਾਸ਼ਟਰੀ ਤਮਗੇ ਜਿੱਤ ਚੁੱਕਾ ਏ ।

---

ਜਲੰਧਰ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕੱਲ੍ਹ ਜ਼ਿਲ੍ਹੇ ਵਿਚ ਚੱਲ ਰਹੇ ਦਿੱਲੀ-ਕਟੜਾ

ਐਕਸਪ੍ਰੈੱਸਵੇਅ, ਅੰਮ੍ਰਿਤਸਰ-ਬਠਿੰਡਾ ਪ੍ਰੋਜੈਕਟ ਅਤੇ ਫਗਵਾੜਾ-ਹੁਸ਼ਿਆਰਪੁਰ ਸ਼ਾਹਰਾਹ ਸਮੇਤ ਮੁੱਖ ਸ਼ਾਹਰਾਹ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਇਨ੍ਹਾਂ ਪ੍ਰੋਜੈਕਟਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਡਾ. ਅਗਰਵਾਲ ਨੇ ਅਧਿਕਾਰੀਆਂ ਨੂੰ ਸਾਰੇ ਬਕਾਇਆ ਇੰਤਕਾਲਾਂ ਬਾਰੇ ਰਿਪੋਰਟ ਤਿਆਰ ਕਰਨ ਤੇ ਇਨ੍ਹਾਂ ਅਹਿਮ ਬੁਨਿਆਦੀ ਢਾਂਚਾ ਪ੍ਰੋਜੈਕਟਾਂ 'ਤੇ ਕੰਮ ਨੂੰ ਤੇਜ਼ ਕਰਨ ਲਈ ਹਦਾਇਤ ਕੀਤੀ। ਮੀਟਿੰਗ ਵਿਚ PAP ਫਲਾਈਓਵਰ 'ਤੇ ਵਾਧੂ ਰੈਂਪ ਬਣਾਉਣ, ਰਾਸ਼ਟਰੀ ਰਾਜਮਾਰਗਾਂ ਦੇ ਨਾਲ ਮੀਂਹ ਦੇ ਪਾਣੀ ਦੇ ਨਿਕਾਸ, ਟੋਇਆਂ ਦੀ ਮੁਰੰਮਤ ਅਤੇ ਚੱਲ ਰਹੇ ਸੁੰਦਰੀਕਰਨ ਦੇ ਕੰਮਾਂ ਦੀ ਪ੍ਰਗਤੀ ਦੀ ਵੀ ਪੜਚੋਲ ਕੀਤੀ ਗਈ।

**ਇਸ ਦੇ ਨਾਲ ਹੀਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ,**

**ਸਾਡਾ ਰਸ਼ਰਤੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋ ਗਏ 1 ਵੱਜ ਕੇ 40 ਮਿੰਟ ਤੇ ਨਮਸਕਾਰ**